ਤੁਰੰਤ ਰਿਲੀਜ ਲਈ

# ਬ੍ਰੈਂਪਟਨ ਨੂੰ ਓਨਟੈਰੀਓ ਵਿੱਚ ਸਭ ਤੋਂ ਵੱਧ ਨੌਜਵਾਨ-ਅਨੁਕੂਲਿਤ ਭਾਈਚਾਰਿਆਂ ਵਿੱਚੋਂ ਇੱਕ ਦੇ ਤੌਰ ਤੇ ਮਾਨਤਾ ਦਿੱਤੀ ਗਈ

ਬ੍ਰੈਂਪਟਨ, ਓਨਟੈਰੀਓ (7 ਮਈ, 2020) – ਸਿਟੀ ਆਫ ਬ੍ਰੈਂਪਟਨ ਨੂੰ ਇੱਕ ਵਾਰ ਫਿਰ, ਪਲੇ ਵਰਕਸ (Play Works) ਵੱਲੋਂ ਪਲੈਟੀਨਮ ਯੂਥ ਫ੍ਰੈਂਡਲੀ ਕਮਿਉਨਿਟੀ (Platinum Youth Friendly Community) ਦੀ ਪਦਵੀ ਮਿਲੀ ਹੈ। ਇਹ ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ (Parks and Recreation Ontario) ਦੁਆਰਾ ਹਿਮਾਇਤ ਵਾਲਾ ਪ੍ਰੋਗਰਾਮ ਹੈ।

ਇਹ ਤੀਜੀ ਵਾਰ ਹੈ, ਜਦੋਂ ਸਿਟੀ ਨੂੰ ਨੌਜਵਾਨਾਂ ਲਈ ਵਾਧੇ ਅਤੇ ਵਿਕਾਸ ਦੇ ਮੌਕਿਆਂ ਵਾਸਤੇ, ਇਸਦੀ ਸ਼ਾਨਦਾਰ ਵਚਨਬੱਧਤਾ ਲਈ ਮਾਨਤਾ ਦਿੱਤੀ ਗਈ ਹੈ। ਸਿਟੀ, ਇਸ ਸਾਲ ਟੌਪ ਪਲੈਟੀਨਮ ਪਦਵੀ ਪ੍ਰਾਪਤ ਕਰਨ ਵਾਲੇ ਤਿੰਨ ਭਾਈਚਾਰਿਆਂ ਵਿੱਚੋਂ ਇੱਕ ਹੈ।

ਯੂਥ ਫ੍ਰੈਂਡਲੀ ਕਮਿਉਨਿਟੀ ਦੀ ਪਦਵੀ, ਪੂਰੇ ਓਨਟੈਰੀਓ ਦੇ ਉਹਨਾਂ ਭਾਈਚਾਰਿਆਂ ਨੂੰ ਹਰ ਤਿੰਨ ਸਾਲਾਂ ਵਿੱਚ ਇੱਕ ਵਾਰ ਪ੍ਰਦਾਨ ਕੀਤੀ ਜਾਂਦੀ ਹੈ, ਜੋ 13 ਤੋਂ 19 ਸਾਲ ਦੇ ਨੌਜਵਾਨਾਂ ਦੀਆਂ ਖਾਸ ਲੋੜਾਂ ਨੂੰ ਮਾਨਤਾ ਦਿੰਦੇ ਹਨ। ਨਾਲ ਹੀ, ਜੋ ਭਾਈਚਾਰੇ ਇਹ ਯਕੀਨੀ ਬਣਾਉਂਦੇ ਹਨ ਕਿ ਕਲਾ, ਮਨਪਰਚਾਵੇ ਅਤੇ ਨਾਗਰਿਕ ਭਾਗੀਦਾਰੀ ਜਿਹੇ, ਲੀਡਰਸ਼ਿਪ ਅਤੇ ਸ਼ਮੂਲੀਅਤ ਵਾਲੇ ਮੌਕਿਆਂ ਤੱਕ ਨੌਜਵਾਨਾਂ ਦੀ ਲਗਾਤਾਰ ਪਹੁੰਚ ਹੈ। ਭਾਈਚਾਰਿਆਂ ਲਈ, ਦਸ ਨੌਜਵਾਨ-ਅਨੁਕੂਲਿਤ ਮਾਪਦੰਡਾਂ ਵਿੱਚੋਂ ਘੱਟੋ-ਘੱਟ ਸੱਤ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਜੋ ਭਾਈਚਾਰੇ ਸਾਰੇ ਦਸ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਉਹਨਾਂ ਨੂੰ ਪਲੈਟੀਨਮ ਸਟੇਟਸ ਪ੍ਰਦਾਨ ਕੀਤਾ ਜਾਂਦਾ ਹੈ। ਇਸ ਵੇਲੇ, ਓਨਟੈਰੀਓ ਦੇ 47 ਭਾਈਚਾਰਿਆਂ ਨੂੰ ਯੂਥ ਫ੍ਰੈਂਡਲੀ ਦੇ ਤੌਰ ਤੇ ਮਾਨਤਾ ਦਿੱਤੀ ਗਈ ਹੈ।

ਬ੍ਰੈਂਪਟਨ, 13 ਤੋਂ 19 ਸਾਲ ਦੇ 58,800 ਨੌਜਵਾਨਾਂ ਦਾ ਘਰ ਹੈ, ਜਿੱਥੇ 43,111 ਨੌਜਵਾਨ ਸਿਟੀ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਲਾਗੂ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ, ਜਿਵੇਂ ਮਈ ਵਿੱਚ ਨੈਸ਼ਨਲ ਯੂਥ ਵੀਕ (National Youth Week) ਕਾਰਜਕਰਮ।

ਭਾਈਚਾਰੇ ਵਿੱਚ, ਬ੍ਰੈਂਪਟਨ ਦੇ ਕਈ ਨੌਜਵਾਨ ਸੰਗਠਨਾਂ ਅਤੇ ਸੇਵਾ ਭਾਈਵਾਲਾਂ ਨੇ ਵੀ, ਇਸ ਸਾਲ ਦੀ ਪਦਵੀ ਵਿੱਚ ਯੋਗਦਾਨ ਪਾਇਆ ਹੈ। ਪੂਰੀ ਸੂਚੀ ਦੇਖਣ ਲਈ ਇੱਥੇ ਕਲਿੱਕ ਕਰੋ (Click here to see the full list)।

ਪਲੇ ਵਰਕਸ (Play Works) ਅਜਿਹੇ ਸੰਗਠਨਾਂ ਦਾ ਇੱਕ ਸਮੂਹ ਹੈ, ਜੋ ਨੌਜਵਾਨਾਂ ਦੇ ਭਵਿੱਖ ਬਾਰੇ ਸੋਚਦੇ ਹਨ ਅਤੇ ਜਿਹਨਾਂ ਨੇ ਪੂਰੇ ਓਨਟੈਰਿਓ ਦੇ ਭਾਈਚਾਰਿਆਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਵਧਾਉਣ ਲਈ, ਸੈਨਾ ਦੇ ਨਾਲ ਕੰਮ ਕੀਤਾ ਹੈ। ਪਲੇ ਵਰਕਸ ਦੇ ਭਾਈਵਾਲ ਹਨ: 4-H ਓਨਟੈਰੀਓ (4-H Ontario); ਆਰਟਸ ਨੈੱਟਵਰਕ ਫਾਰ ਚਿਲਡ੍ਰਨ ਐਂਡ ਯੂਥ (Arts Network for Children and Youth); ਬਵਾਇਜ ਐਂਡ ਗਰਲਸ ਕਲੱਬ ਆਫ ਕੈਨੇਡਾ – ਸੈਂਟਰਲ ਰੀਜਨ (Boys and Girls Clubs of Canada – Central Region); ਓਫੀਆ (Ophea); ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ (Parks and Recreation Ontario); ਵਾਈ.ਐਮ.ਸੀ.ਏ. ਓਨਟੈਰੀਓ (YMCA Ontario)।

**ਹਵਾਲੇ**

"ਇਹ ਨੈਸ਼ਨਲ ਯੂਥ ਵੀਕ ਹੈ। ਮੌਕਿਆਂ ਦੇ ਸ਼ਹਿਰ ਦੇ ਤੌਰ ਤੇ, ਅਸੀਂ ਸਾਡੇ ਨੌਜਵਾਨਾਂ ਨੂੰ, ਸਿੱਖਣ, ਅੱਗੇ ਵਧਣ ਅਤੇ ਖੇਡਣ ਦੀਆਂ ਅਸੀਮਿਤ ਥਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਓਨਟੈਰੀਓ ਵਿੱਚ ਯੂਥ ਫ੍ਰੈਂਡਲੀ ਕਮਿਉਨਿਟੀ ਦੇ ਤੌਰ ਤੇ, ਇੱਕ ਵਾਰ ਫਿਰ ਇਹ ਪਦਵੀ ਹਾਸਲ ਕਰਨ ਤੇ ਸਾਨੂੰ ਮਾਣ ਹੈ। ਮੈਂ ਸਾਡੇ ਸ਼ਾਨਦਾਰ ਭਾਈਚਾਰਕ ਭਾਈਵਾਲਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਹਨਾਂ ਨੇ ਇਸਨੂੰ ਹਾਸਲ ਕਰਨ ਲਈ ਮਦਦ ਕਰਨ ਵਿੱਚ ਮਹੱਤਵਪੂਰਣ ਭੂਮਿਕਾ

ਨਿਭਾਈ ਹੈ। ਇਸ ਮੁਸ਼ਕਲ ਸਮੇਂ ਦੇ ਦੌਰਾਨ, ਮੈਂ ਬ੍ਰੈਂਪਟਨ ਦੇ ਨੌਜਵਾਨਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਸਿਟੀ ਦੇ ਸੋਸ਼ਲ ਚੈਨਲਾਂ ਨੂੰ ਫਾੱਲੋ ਕਰਨ ਅਤੇ ਪ੍ਰੋਗਰਾਮਾਂ ਨਾਲ ਜੁੜੇ ਰਹਿਣ ਲਈ, ਕਈ ਤਰ੍ਹਾਂ ਦੀਆਂ ਆਭਾਸੀ (ਵਰਚੁਅਲ) ਗਤੀਵਿਧੀਆਂ ਲਈ, brampton.ca ਤੇ ਜਾਣ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਹੁਣੇ ਜਿਹੇ ਹੀ, ਸਿਟੀ ਆਫ ਬ੍ਰੈਂਪਟਨ ਨੇ ਆਪਣੀ ਪਹਿਲੀ ਯੂਥ ਐਨਗੇਜਮੈਂਟ ਸਟ੍ਰੈਟਜੀ ਦੀ ਸ਼ੁਰੂਆਤ ਕੀਤੀ ਸੀ। ਇਹ ਓਨਟੈਰੀਓ ਵਿੱਚ, ਨੌਜਵਾਨਾਂ ਲਈ, ਨੌਜਵਾਨਾਂ ਵੱਲੋਂ – ਇਸ ਤਰ੍ਹਾਂ ਦੀ ਪਹਿਲੀ ਪਹਿਲਕਦਮੀ ਹੈ। ਸਿਟੀ ਦਾ ਸਟਾਫ਼, ਬ੍ਰੈਂਪਟਨ ਵਿੱਚ ਨੌਜਵਾਨਾਂ ਨੂੰ ਸਮਰੱਥ ਬਣਾਉਣ ਲਈ ਸਮਰਪਿਤ ਹੈ। ਅਸੀਂ ਪ੍ਰੋਗਰਾਮ ਅਤੇ ਪਹਿਲਕਦਮੀਆਂ ਵਿਕਸਿਤ ਕਰਦੇ ਸਮੇਂ, ਨੌਜਵਾਨਾਂ ਦੀਆਂ ਲੋੜਾਂ ਅਤੇ ਪਸੰਦ ਨੂੰ ਧਿਆਨ ਵਿੱਚ ਰੱਖਦੇ ਹਾਂ। ਅਸੀਂ ਨੌਜਵਾਨਾਂ ਨਾਲ ਜੁੜੇ ਰਹਿਣ ਦੇ ਸਾਡੇ ਜਾਰੀ ਕੰਮ ਲਈ, ਆਉਣ ਵਾਲੇ ਸਾਲਾਂ ਵਿੱਚ ਵੀ, ਲਗਾਤਾਰ ਇਹ ਸਨਮਾਨ ਪ੍ਰਾਪਤ ਕਰਦੇ ਰਹਿਣ ਦੀ ਆਸ ਕਰਦੇ ਹਾਂ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

"ਇਹਨਾਂ ਸ਼ਹਿਰਾਂ ਅਤੇ ਟਾਊਨਾਂ ਨੇ, ਨੌਜਵਾਨਾਂ ਦੀ ਸ਼ਮੂਲੀਅਤ ਲਈ ਸਮੁੱਚੇ ਭਾਈਚਾਰੇ ਦੇ ਦ੍ਰਿਸ਼ਟੀਕੋਣ ਨੂੰ ਸ਼ਾਮਲ ਕੀਤਾ ਹੈ। ਇਹਨਾਂ ਨੇ ਨੌਜਵਾਨਾਂ ਨੂੰ ਉੱਥੇ ਪਹੁੰਚਾਉਣ ਲਈ ਵੱਡੇ ਯਤਨ ਕੀਤੇ ਹਨ, ਜਿੱਥੇ ਹੁਣ ਉਹ ਹਨ। ਇਹਨਾਂ ਨੇ ਨੌਜਵਾਨਾਂ ਨੂੰ, ਫੈਸਲੇ ਲੈਣ ਵਿੱਚ ਰਾਏ ਦੇਣ ਅਤੇ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਮੌਕੇ ਦਿੱਤੇ ਹਨ। ਅਸੀਂ ਇਸਦੇ ਸ਼ਾਨਦਾਰ ਨਤੀਜੇ ਦੇਖ ਰਹੇ ਹਾਂ, ਕਿਉਂਕਿ ਨੌਜਵਾਨ ਲੀਡਰਸ਼ਿਪ ਭੂਮਿਕਾਵਾਂ ਨਿਭਾਉਣ ਵਿੱਚ ਸਮਰੱਥ ਹਨ। ਨਾਲ ਹੀ, ਉਹ ਆਪਣੇ ਸਕੂਲਾਂ, ਗਵਾਂਢਾਂ ਅਤੇ ਭਾਈਚਾਰਿਆਂ ਦੀ ਸਮੁੱਚੀ ਸਿਹਤ ਅਤੇ ਜੋਸ਼ੀਲੇਪਨ ਵਿੱਚ ਯੋਗਦਾਨ ਪਾ ਰਹੇ ਹਨ।"

- *ਕੈਥੀ ਡੇਨਿਅਰ* (Cathy Denyer), *ਸੀ.ਈ.ਓ., ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca